# ਨਵੀਂ ਸਟੌਰਮਵਾਟਰ ਫੀਸ

ਬ੍ਰੈਂਪਟਨ ਦੀ ਸਟੌਰਮਵਾਟਰ ਫੀਸ (Stormwater Charge) 1 ਜੂਨ, 2020 ਤੋਂ ਲਾਗੂ ਹੋਵੇਗੀ। ਜ਼ਿਆਦਾਤਰ ਪ੍ਰਾਪਰਟੀ ਮਾਲਕ, ਅਗਸਤ 2020 ਵਿੱਚ ਆਪਣੇ ਪਾਣੀ ਦੇ ਬਿਲਾਂ ਤੇ ਪਹਿਲੀ ਸਟੌਰਮਵਾਟਰ ਫੀਸ ਦੇਖਣਗੇ।

## ਸਟੌਰਮਵਾਟਰ ਕੀ ਹੈ?

ਸਟੌਰਮਵਾਟਰ, ਜਿਸਨੂੰ ਅਪਵਾਹ (ਰਨਔਫ) ਵੀ ਕਿਹਾ ਜਾਂਦਾ ਹੈ, ਸਾਡੀਆਂ ਪ੍ਰਾਪਰਟੀਜ਼ ਤੋਂ ਵਹਿ ਕੇ ਸਾਡੀਆਂ ਸੜਕਾਂ ਤੇ ਅਤੇ ਸਟੌਰਮਵਾਟਰ ਮੈਨੇਜਮੈਂਟ ਸਿਸਟਮ (ਤੂਫ਼ਾਨ ਦੇ ਪਾਣੀ ਦੀ ਪ੍ਰਬੰਧਨ ਪ੍ਰਣਾਲੀ) ਵਿੱਚ ਆਉਣ ਵਾਲਾ ਵਰਖਾ ਦਾ ਪਾਣੀ ਅਤੇ ਪਿਘਲੀ ਹੋਈ ਬਰਫ਼ ਹੁੰਦੀ ਹੈ। ਇਸ ਪ੍ਰਣਾਲੀ ਵਿੱਚ 1400 ਕਿਲੋਮੀਟਰ ਤੋਂ ਵੱਧ ਸਟੌਰਮ ਸੀਵਰ ਪਾਈਪਾਂ ਅਤੇ 180 ਸਟੌਰਮਵਾਟਰ ਤਲਾਬ ਸ਼ਾਮਲ ਹਨ।

## ਮੈਨੂੰ ਇਹ ਫੀਸ ਦੇਣ ਦੀ ਲੋੜ ਕਿਉਂ ਹੈ?

ਬ੍ਰੈਂਪਟਨ ਵਿੱਚ $1 ਬਿਲੀਅਨ ਤੋਂ ਵੱਧ ਦਾ ਸਟੌਰਮਵਾਟਰ ਇੰਫਰਾਸਟ੍ਰਕਚਰ ਹੈ, ਜੋ ਤੁਹਾਡੀ ਪ੍ਰਾਪਰਟੀ ਅਤੇ ਸਾਡੇ ਵਾਤਵਾਰਣ ਦੀ ਰੱਖਿਆ ਕਰਦਾ ਹੈ। ਇਸਦੀ ਸੰਭਾਲ ਲਈ ਇੱਕ ਸਾਲ ਦਾ ਖ਼ਰਚ $23 ਮਿਲੀਅਨ ਆਉਂਦਾ ਹੈ। ਸਟੌਰਮਵਾਟਰ ਫੀਸ ਇਹ ਯਕੀਨੀ ਬਣਾਵੇਗੀ ਕਿ ਅਸੀਂ ਸਟੌਰਮਵਾਟਰ ਸਬੰਧੀ ਸੇਵਾਵਾਂ ਲਈ ਸਮਰਪਿਤ ਅਤੇ ਸਥਿਰ ਫੰਡਿੰਗ ਪ੍ਰਦਾਨ ਕਰ ਸਕਦੇ ਹਾਂ, ਜੋ ਜਨਤਕ ਸੁਰੱਖਿਆ ਵਿੱਚ ਵਾਧਾ ਕਰਦੀਆਂ ਹਨ, ਹੜ੍ਹ ਨੂੰ ਅਤੇ ਜ਼ਮੀਨ ਦੇ ਕਟਾਅ ਨੂੰ ਘਟਾਉਂਦੀਆਂ ਹਨ ਅਤੇ ਪ੍ਰਾਪਰਟੀ ਅਤੇ ਵਾਤਵਾਰਣ ਦੀ ਰੱਖਿਆ ਕਰਦੀਆਂ ਹਨ।

## ਮੈਨੂੰ ਕਿੰਨੀ ਫੀਸ ਦੇਣੀ ਪਵੇਗੀ?

ਜ਼ਿਆਦਾਤਰ ਪ੍ਰਾਪਰਟੀ ਮਾਲਕਾਂ ਲਈ, ਸਾਲਾਨਾ ਸਟੌਰਮਵਾਟਰ ਫੀਸ, ਚਾਰ ਕਿਸ਼ਤਾਂ ਵਿੱਚ ਭੁਗਤਾਨ ਕਰਨ ਲਈ, ਪਾਣੀ ਦੇ ਬਿਲ ਵਿੱਚ ਹੀ ਸ਼ਾਮਲ ਕੀਤੀ ਜਾਵੇਗੀ। ਇਹ ਫੀਸ, ਤੁਹਾਡੀ ਪ੍ਰਾਪਰਟੀ ਤੋਂ ਸਟੌਰਮਵਾਟਰ ਦੇ ਅਪਵਾਹ ਦੀ ਮਾਤਰਾ ਦੇ ਆਧਾਰ ਤੇ ਹੋਵੇਗੀ। ਤੁਹਾਡੀ ਪ੍ਰਾਪਰਟੀ ਤੇ ਸਤ੍ਹਾ, ਜਿੰਨੀ ਵੱਧ ਠੋਸ ਹੋਵੇਗੀ, ਪ੍ਰਾਪਰਟੀ ਤੋਂ ਆਉਣ ਵਾਲੇ ਸਟੌਰਮਵਾਟਰ ਅਪਵਾਹ ਦੀ ਮਾਤਰਾ, ਓਨੀ ਹੀ ਵੱਧ ਹੋਵੇਗੀ।

# ਸਿੰਗਲ-ਫੈਮਿਲੀ ਦੀ ਰਿਹਾਇਸ਼ ਵਾਲੀ ਪ੍ਰਾਪਰਟੀਜ

## ਪ੍ਰਾਪਰਟੀ ਸਬੰਧੀ ਸ਼੍ਰੇਣੀ ਦੇ ਆਧਾਰ ਤੇ ਫਲੈਟ ਰੇਟ।

| ਰਿਹਾਇਸ਼ੀ ਪ੍ਰਾਪਰਟੀ ਸਬੰਧੀ ਸ਼੍ਰੇਣੀ | ਛੱਤ ਦੇ ਖੇਤਰ ਦਾ ਅਕਾਰ (m2) | ਫਲੈਟ ਰੇਟ (ਪ੍ਰਤੀ ਸਾਲ) |
|---|---|---|
| ਬਹੁਤ ਜ਼ਿਆਦਾ ਛੋਟੀ | 23.4 - 105 | $ 44.50 |
| ਛੋਟੀ | 106 - 140 | $ 62.30 |
| ਦਰਮਿਆਨੀ | 141 - 220 | $ 89.00 |
| ਵੱਡੀ | 221 - 250 | $ 115.70 |
| ਬਹੁਤ ਵੱਡੀ | 250 ਤੋਂ ਵੱਧ | $ 160.20 |

# ਗੈਰ-ਰਿਹਾਇਸ਼ ਅਤੇ ਮਲਟੀ-ਫੈਮਿਲੀ ਦੀ ਰਿਹਾਇਸ਼

## ਵਸੂਲ ਕੀਤੀ ਜਾਣ ਵਾਲੀ ਫੀਸ, ਹਰੇਕ ਪ੍ਰਾਪਰਟੀ ਦੀ ਠੋਸ ਸਤ੍ਹਾ ਦੇ ਪ੍ਰਤੀ ਵਰਗ ਮੀਟਰ ਦੇ ਆਧਾਰ ਤੇ ਹੋਵੇਗੀ

| ਮਲਟੀ-ਫੈਮਿਲੀ ਦੀ ਰਿਹਾਇਸ਼ / ਗੈਰ-ਰਿਹਾਇਸ਼ ਪ੍ਰਾਪਰਟੀ ਸਬੰਧੀ ਸ਼੍ਰੇਣੀ | ਯੂਨਿਟ ਰੇਟ (ਪ੍ਰਤੀ ਸਾਲ) |
|---|---|
| ਪ੍ਰਤੀ ਵਰਗ ਮੀਟਰ | $0.38 |

ਔਨਲਾਈਨ ਸਟੌਰਮਵਾਟਰ ਫੀਸ ਅਨੁਮਾਨਕ (ਐਸਟੀਮੇਟਰ) ਟੂਲ ਦੇ ਨਾਲ ਤੁਸੀਂ ਆਪਣਾ ਪਤਾ ਲੱਭ ਕੇ, ਇਹ ਜਾਂਚ ਸਕਦੇ ਹੋ ਕਿ ਤੁਹਾਡੀ ਸਟੌਰਮਵਾਟਰ ਫੀਸ ਦੀ ਗਣਨਾ ਕਿਵੇਂ ਕੀਤੀ ਗਈ ਹੈ।

## ਜੇਕਰ ਮੈਨੂੰ ਗਲਤ ਢੰਗ ਨਾਲ ਫੀਸ ਲਗਾ ਦਿੱਤੀ ਜਾਵੇ, ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਗਲਤ ਢੰਗ ਨਾਲ ਜਾਂ ਫਿਰ ਗਲਤੀ ਨਾਲ ਫੀਸ ਲਗਾਈ ਗਈ ਹੈ, ਤਾਂ ਤੁਹਾਨੂੰ ਸੋਧ ਲਈ ਬੇਨਤੀ ਦਾਖ਼ਲ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

## ਕੀ ਛੋਟਾਂ ਉਪਲਬਧ ਹਨ?

ਕੁਝ ਪ੍ਰਾਪਰਟੀਜ, ਸਬਸਿਡੀ ਜਾਂ ਫੀਸ ਵਿੱਚ ਕਟੌਤੀ ਲਈ ਯੋਗ ਹੋ ਸਕਦੀਆਂ ਹਨ।

## ਮੇਰੇ ਬਿਲ ਤੇ ਕੀ ਦਿਖਾਇਆ ਜਾਵੇਗਾ?

ਰੀਜਨ ਆਫ ਪੀਲ (Region of Peel) ਦਾ ਪਾਣੀ ਦਾ ਬਿਲ ਹੇਠਾਂ ਲਿਖੀਆਂ ਚੀਜ਼ਾਂ ਦਰਸਾਵੇਗਾ:

- ਬ੍ਰੈਂਪਟਨ ਸਟੌਰਮਵਾਟਰ ਫੀਸ
- ਵਸੂਲ ਕੀਤੀ ਜਾਣ ਵਾਲੀ ਰੋਜ਼ਾਨਾ ਦੀ ਦਰ
- ਬਿਲ ਵਿੱਚ ਸ਼ਾਮਲ ਕੀਤੇ ਦਿਨਾਂ ਦੀ ਕੁੱਲ ਸੰਖਿਆ
- ਸਟੌਰਮਵਾਟਰ ਫੀਸ ਤੇ ਲਾਗੂ ਕੋਈ ਵੀ ਕਟੌਤੀਆਂ ਅਤੇ
- ਭੁਗਤਾਨ ਕਰਨ ਯੋਗ, ਕੁੱਲ ਸਟੌਰਮਵਾਟਰ ਫੀਸ ਦੀ ਰਕਮ।

ਸਟੌਰਮਵਾਟਰ ਫੀਸ ਬਾਰੇ ਹੋਰ ਜਾਣਕਾਰੀ ਲਈ,
**www.brampton.ca/stormwater** ਤੇ ਜਾਓ

311
30270-I-0079
BRAMPTON
20-0556